Weekly

CANADA SIKH TIMES

19 - 25 January 2025

ਕੈਨੇਡਾ ਸਿੱਖ ਟਾਈਮਜ਼

Volume 3 Issue 3

• RELIGION • CULTURE • HERITAGE • BUSINESS

## India star Arshdeep Singh named ICC Men's T20I Cricketer of the Year




Arshdeep Singh starred as India ended their wait for a major ICC trophy win with victory in the ICC Men's T20 World Cup 2024 in the Caribbean and USA back in June, and has gone on to cement his reputation as one of the leading powerplay and death bowlers in the game. The 25-year-old left-armer has long been tipped for the top, and India put a great deal of faith in his ability since making his full international debut in 2022. And 2024 was the year when Arshdeep Singh fully established himself as a world-class bowler in T20 International cricket, taking bucket-loads of wickets with the new ball and proving to be consistently economical at the death on a variety of surfaces.

## ਵਰਜੀਨੀਆ ਦੀਆਂ ਵਿਸ਼ੇਸ਼ ਚੋਣਾਂ ’ਚ ਜੇਜੇ ਸਿੰਘ ਦੀ ਸ਼ਾਨਦਾਰ ਜਿੱਤ



ਵਰਜੀਨੀਆ ਸੂਬੇ ਦੀਆਂ ਵਿਸ਼ੇਸ਼ ਚੋਣਾਂ ’ਚ ਭਾਰਤੀ-ਅਮਰੀਕੀ ਭਾਈਚਾਰੇ ਲਈ ਖੁਸ਼ਖਬਰੀ ਸਾਹਮਣੇ ਆਈ ਹੈ। ਦੋ ਭਾਰਤੀ ਮੂਲ ਦੇ ਨੇਤਾਵਾਂ, ਕਾਨਨ ਸ੍ਰੀਨਿਵਾਸਨ ਅਤੇ ਜੇਜੇ ਸਿੰਘ ਨੇ ਮਹੱਤਵਪੂਰਨ ਜਿੱਤ ਦਰਜ ਕੀਤੀ ਹੈ। ਸਟੇਟ ਸੈਨੇਟ ਅਤੇ ਸਟੇਟ ਹਾਊਸ ਆਫ਼ ਡੈਲੀਗੇਟਸ ਵਿਚ ਉਨ੍ਹਾਂ ਦੀ ਜਿੱਤ ਡੈਮੋਕਰੈਟਿਕ ਪਾਰਟੀ ਲਈ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ। ਭਾਵੇਂ ਪਿਛਲੇ ਸਾਲ ਦੀਆਂ ਕੌਮੀ ਚੋਣਾਂ ਦੌਰਾਨ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਲਹਿਰ ਦੇ ਅਸਰ ਹੇਠ ਰਿਪਬਲਿਕਨ ਪਾਰਟੀ ਨੇ ਕਈ ਇਲਾਕਿਆਂ ’ਚ ਜਿੱਤ ਦਰਜ ਕੀਤੀ ਸੀ, ਪਰ ਵਰਜੀਨੀਆ ਵਿੱਚ ਡੈਮੋਕਰੈਟਿਕ ਪਾਰਟੀ ਆਪਣਾ ਬਹੁਮਤ ਕਾਇਮ ਰੱਖਣ ਵਿੱਚ ਕਾਮਯਾਬ ਰਹੀ। ਜੇਜੇ ਸਿੰਘ, ਜੋ ਵਰਜੀਨੀਆ ਵਿੱਚ ਜਨਮੇ ਅਤੇ ਪਹਿਲੇ ਦਸਤਾਰਧਾਰੀ ਸਿੱਖ ਵਿਧਾਇਕ ਹਨ, ਨੇ ਆਪਣੀ ਜਿੱਤ ਨਾਲ ਇਤਿਹਾਸ ਰਚਿਆ ਹੈ। ਉਨ੍ਹਾਂ ਦੀ ਸਫਲਤਾ ਸਿਰਫ਼ ਸਿੱਖ ਭਾਈਚਾਰੇ ਲਈ ਹੀ ਨਹੀਂ, ਸਗੋਂ ਸਾਰੇ ਭਾਰਤੀ-ਅਮਰੀਕੀ ਸਮੂਦਾਏ ਲਈ ਇੱਕ ਪ੍ਰੇਰਣਾਦਾਇਕ ਪਲ ਹੈ।

## ਸਾਬਕਾ ਚੀਫ਼ ਜਸਟਿਸ ਜੇਐਸ ਖੇਹਰ ਨੂੰ ਪਦਮ ਵਿਭੂਸ਼ਨ ਅਤੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਮਿਲੇਗਾ ਪਦਮਸ੍ਰੀ ਪੁਰਸਕਾਰ



ਦੇਸ਼ ਦੇ ਸਰਵਉੱਚ ਨਾਗਰਿਕ ਪੁਰਸਕਾਰਾਂ ’ਚੋਂ ਇਕ ਪਦਮ ਪੁਰਸਕਾਰ ਦਾ ਸਨਿਚਰਵਾਰ ਨੂੰ ਐਲਾਨ ਕਰ ਦਿਤਾ ਗਿਆ। ਸਾਲ 2025 ਲਈ ਰਾਸ਼ਟਰਪਤੀ ਨੇ 139 ਪਦਮ ਪੁਰਸਕਾਰਾਂ ਨੂੰ ਪ੍ਰਵਾਨਗੀ ਦੇ ਦਿਤੀ ਹੈ। ਗਣਤੰਤਰ ਦਿਵਸ ਦੀ ਪੂਰਵਸੰਧਿਆ ’ਤੇ ਐਲਾਨੇ ਗਏ ਇਹ ਪੁਰਸਕਾਰ ਤਿੰਨ ਸ਼੍ਰੇਣੀਆਂ, ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ’ਚ ਦਿਤੇ ਜਾਂਦੇ ਹਨ। ਇਸ ਸੂਚੀ ’ਚ 7 ਪਦਮ ਵਿਭੂਸ਼ਣ, 19 ਪਦਮ ਭੂਸ਼ਣ ਅਤੇ 113 ਪਦਮ ਸ਼੍ਰੀ ਪੁਰਸਕਾਰ ਸ਼ਾਮਲ ਹਨ।

ਇਸ ਵਾਰ ਚੰਡੀਗੜ੍ਹ ਤੋਂ ਸਾਬਕਾ ਚੀਫ਼ ਜਸਟਿਸ (ਸੇਵਾਮੁਕਤ) ਜਗਦੀਸ਼ ਸਿੰਘ ਖੇਹਰ ਨੂੰ ਪਦਮ ਵਿਭੂਸ਼ਣ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ’ਚੋਂ ਕਲਾ ਦੇ ਖੇਤਰ ’ਚ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਪਦਮਸ੍ਰੀ ਪੁਰਸਕਾਰ ਮਿਲੇਗਾ। ਜਦਕਿ ਵਪਾਰ ਅਤੇ ਕਾਰੋਬਾਰ ਦੇ ਖੇਤਰ ’ਚ ਓਂਕਾਰ ਸਿੰਘ ਪਾਹਵਾ ਨੂੰ ਇਹ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਹਰਿਆਣਾ ਦੇ ਪੈਰਾ-ਐਥਲੀਟ ਹਰਵਿੰਦਰ ਸਿੰਘ ਨੂੰ ਅਤੇ ਲੇਖਕ ਸੰਤ ਰਾਮ ਦੇਸਵਾਲ ਨੂੰ ਇਹ ਪੁਰਸਕਾਰ ਦਿਤਾ ਜਾਵੇਗਾ।

ਇਹ ਪੁਰਸਕਾਰ ਵੱਖ-ਵੱਖ ਵਿਸ਼ਿਆਂ/ਗਤੀਵਿਧੀਆਂ ਦੇ ਖੇਤਰਾਂ ’ਚ ਦਿਤੇ ਜਾਂਦੇ ਹਨ, ਜਿਵੇਂ ਕਿ ਕਲਾ, ਸਮਾਜਕ ਕਾਰਜ, ਜਨਤਕ ਮਾਮਲੇ, ਵਿਗਿਆਨ ਅਤੇ ਇੰਜੀਨੀਅਰਿੰਗ, ਵਪਾਰ ਅਤੇ ਉਦਯੋਗ, ਦਵਾਈ, ਸਾਹਿਤ ਅਤੇ ਸਿੱਖਿਆ, ਖੇਡਾਂ, ਸਿਵਲ ਸੇਵਾ ਆਦਿ। ਇਹ ਪੁਰਸਕਾਰ ਭਾਰਤ ਦੇ ਰਾਸ਼ਟਰਪਤੀ ਵਲੋਂ ਰਸਮੀ ਸਮਾਰੋਹਾਂ ’ਚ ਦਿਤੇ ਜਾਂਦੇ ਹਨ ਜੋ ਆਮ ਤੌਰ ’ਤੇ ਹਰ ਸਾਲ ਮਾਰਚ/ਅਪ੍ਰੈਲ ਦੇ ਆਸ-ਪਾਸ ਰਾਸ਼ਟਰਪਤੀ ਭਵਨ ਵਿਖੇ ਕੀਤੇ ਜਾਂਦੇ ਹਨ।

DESH VIDESH

## CAREER COUNSELLING

# Civilization Whose Names Changed



- Narinder Pal Singh

Civilization describes a complex way of life that came about as people began to develop networks of urban settlements. The earliest civilizations developed between 4000 and 3000 B.C.E., when the rise of agriculture and trade allowed people to have surplus food and economic stability. Many people no longer had to practice farming, allowing a diverse array of professions and interests to flourish in a relatively confined area. Civilizations first appeared in Mesopotamia (what is now Iraq) and later in Egypt. Civilizations thrived in the Indus Valley by about 2500 B.C.E., in China by about 1500 B.C.E. and in Central America (what is now Mexico) by about 1200 B.C.E. Civilizations ultimately developed on every continent except Antarctica.




### 1. Mesopotamia to Iraq

Historical Background: Mesopotamia, often referred to as the "Cradle of Civilization," is located between the Tigris and Euphrates rivers, in what is now modern-day Iraq. It was home to some of the earliest human civilizations, including the Sumerians, Akkadians, Babylonians, and Assyrians. The region was known for the development of writing, urbanization, and complex societies. Over time, the land became part of various empires, such as the Persian Empire and later the Islamic Caliphates. The name "Iraq" began to be used in the 6th century during the Sassanid Empire, and it became the official name of the modern state after the fall of the Ottoman Empire in the early 20th century.

### 2. Indus Valley to Pakistan

Historical Background: The Indus Valley Civilization was one of the world's earliest urban cultures, flourishing around 2600-1900 BCE in what is today Pakistan and northwest India. Known for its advanced cities like Mohenjo-Daro and Harappa, the civilization developed early forms of writing, architecture, and social organization. After the decline of the Indus Valley Civilization, the region saw a series of empires and invasions, including the Maurya and Gupta Empires, and later the Islamic Caliphates. In 1947, following the end of British rule in India, the region became the independent state of Pakistan, a name that reflects the Islamic identity of the new nation.

### 3. Roman Empire to Italy

Historical Background: The Roman Empire, which at its height in 117 AD encompassed much of Europe, North Africa, and the Middle East, was one of the most powerful empires in history. The city of Rome was the heart of this empire, which left a lasting legacy on law, government, architecture, and language. After the fall of the Western Roman Empire in 476 AD, the region fragmented into various kingdoms and states. The modern nation-state of Italy was unified in the 19th century, but the Roman legacy continues to be a significant part of its cultural heritage.

### 4. Percian To Iran

Historical Background: Persia, known for its rich history of empires such as the Achaemenid, Parthian, and Sassanid, was one of the most significant ancient civilizations, contributing greatly to art, science, and governance. The name "Persia" was used by Westerners for centuries, derived from "Pars," a region of the empire. However, the local name for the country has always been "Iran," meaning "Land of the Aryans." In 1935, Reza Shah requested that the international community refer to the country as Iran, aligning the name with what its inhabitants had called it for millennia. ◆◆

# HERITAGE

## ਵਰਤਮਾਨ ’ਚ ਜਿਉਣਾ ਸਿੱਖ ਕੇ ਹੀ ਜੋਤਿਸ਼ ਦੇ ਮੱਕੜ ਜਾਲ ਤੋਂ ਬਚਿਆ ਜਾ ਸਕਦੈ : ਗਿਆਨੀ ਜਾਚਕ



ਭਾਈ ਕਾਨ੍ਹ ਸਿੰਘ ਨਾਭਾ ਦੇ ‘ਗੁਰਮਤ ਮਾਰਤੰਡ’ ਅਨੁਸਾਰ ਜੋਤਿਸ਼ ਦੇ ਦੋ ਅੰਗ ਹਨ। ਪਹਿਲਾ ਹੈ ‘ਗਣਿਤ’ ਜਿਸ ‘ਤੇ ਆਧਾਰਤ ਸੂਰਜ ਤੇ ਚੰਦਰਮਾ ਆਦਿਕ ਗ੍ਰਹਿਆਂ ਦੀ ਚਾਲ ਮੁਤਾਬਕ ਕੈਲੰਡਰ ਤਿਆਰ ਕੀਤੇ ਜਾਂਦੇ ਹਨ। ਇਹ ਇਕ ਖਗੋਲ ਵਿਦਿਆ ਹੈ ਜਿਸ ਨੂੰ ਸਾਇੰਸ ਵੀ ਆਖਿਆ ਜਾ ਸਕਦਾ ਹੈ। ਜੋਤਿਸ਼ ਦਾ ਦੂਜਾ ਅੰਗ ਹੈ ‘ਫ਼ਲਿਤ’, ਜੋ ਸੁਆਰਥੀਆਂ ਦਾ ਕਲਪਿਆ ਹੋਇਆ ਹੈ। ਇਸ ਅਨੁਸਾਰ ਗ੍ਰਹਿ ਰਾਸ਼ੀਆਂ ਨੂੰ ਪ੍ਰਾਣੀਆਂ ਲਈ ਸੁਖਦਾਇਕ ਤੇ ਦੁਖਦਾਇਕ ਦਸ ਕੇ ਗੁਮਰਾਹ ਕੀਤਾ ਜਾਂਦਾ ਹੈ। ਦਾਨ ਤੇ ਜਪ ਆਦਿਕ ਦੁਆਰਾ ਉਨ੍ਹਾਂ ਦੇ ਮੰਦੇ ਪ੍ਰਭਾਵ ਦਾ ਰੁਕ ਜਾਣਾ ਮੰਨਿਆ ਜਾਂਦਾ ਹੈ। ਗ੍ਰਹਿ ਪੂਜਨ ਦੁਆਰਾ ਮਨੋਰਥਾਂ ਦੀ ਸਿੱਧੀ ਹੋਣੀ ਜਾਣੀ ਜਾਂਦੀ ਹੈ। ਗੁਰਮਤਿ ਵਿਚ ‘ਜੋਤਿਸ਼’ ਦੇ ਇਸ ‘ਫ਼ਲਿਤ’ ਅੰਗ ਦਾ ਬਿਲਕੁਲ ਤਿਆਗ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਪ੍ਰਕਾਸ਼ਤ ‘ਗੁਰੂ ਗ੍ਰੰਥ ਵਿਸ਼ਵਕੋਸ਼ ਵਿਚ ਗੁਰਵਾਕ ਪੜਿ ਪੜਿ ਪੰਡਿਤ ਜੋਤਕੀ, ਵਾਦ ਕਰਹਿ ਬੀਚਾਰ॥” (ਪੰਨਾ 27) ‘ਤੇ ਆਧਾਰਤ ਮੰਨਿਆ ਹੈ ਕਿ ਗੁਰਮਤਿ ਜੋਤਿਸ਼ ਨੂੰ ਕੋਈ ਮਹੱਤਵ ਨਹੀਂ ਦਿੰਦੀ। ਗਿਆਨੀ ਜਗਤਾਰ ਸਿੰਘ ਜਾਚਕ ਨੇ ਨਿਊਯਾਰਕ ਤੋਂ ਅਪਣੇ ਈਮੇਲ ਪ੍ਰੈਸ ਨੋਟ ਰਾਹੀਂ ‘ਰੋਜ਼ਾਨਾ ਸਪੋਕਸਮੈਨ’ ਨਾਲ ਉਪਰੋਕਤ ਵਿਚਾਰਾਂ ਦੀ ਸਾਂਝ ਪਾਉਂਦਿਆਂ ਲਿਖਿਆ ਹੈ ਕਿ ਹਰੇਕ ਮਨੁੱਖ ਅਪਣਾ ਭਵਿੱਖ ਸੁਰੱਖਿਅਤ ਕਰਨਾ ਚਾਹੁੰਦਾ ਹੈ। ਭਵਿੱਖ ਦਾ ਡਰ ਹੀ ਵਿਅਕਤੀ ਨੂੰ ਜੋਤਸ਼ੀਆਂ ਦੇ ਚੱਕਰ ਵਿਚ ਫਸਾਉਂਦਾ ਹੈ। ਸਿੱਖੀ’ ਵਰਤਮਾਨ ਵਿਚ ਵਰਤਣ ਦਾ ਨਾਂਅ ਹੈ। ਗੁਰਸਿੱਖ ਨਾ ਤਾਂ ਭੂਤਕਾਲ ਦੀ ਪ੍ਰਵਾਹ ਕਰਦਾ ਹੈ ਅਤੇ ਨਾ ਹੀ ਭਵਿੱਖ ਲਈ ਚਿੰਤਾਤੁਰ ਹੁੰਦਾ ਹੈ ਕਿਉਂਕਿ ਭੂਤਕਾਲ ਗੁਜ਼ਰ ਚੁੱਕਾ ਹੈ ਅਤੇ ਭਵਿੱਖ ਕਿਸੇ ਹੱਥ ਵਿਚ ਨਹੀਂ। ਗੁਰਸਿੱਖਾਂ ਦੇ ਵਰਤਮਾਨ ਵਿਚ ਵਰਤਣ ਦਾ ਵੱਡਾ ਕਾਰਨ ਹੈ ਕਿ ਉਹ ਉਸ ‘ਅਕਾਲ’ ਪੁਰਖ ਦੇ ਪੁਜਾਰੀ ਹਨ ਜਿਸ ਨੂੰ ਭੂਤ-ਕਾਲ ਅਤੇ ਭਵਿੱਖਤ-ਕਾਲ ਵਿਚ ਵੰਡ ਕੇ ਨਹੀਂ ਵੇਖਿਆ ਜਾ ਸਕਦਾ। ਇਸੇ ਲਈ ਭਾਈ ਗੁਰਦਾਸ ਜੀ ਨੇ 16ਵੀਂ ਵਾਰ ਦੀ ਤੀਜੀ ਪਉੜੀ ਵਿਚ ਗੁਰਮੁਖ ਗੁਰਸਿੱਖਾਂ ਦੀ ਜੀਵਨਸ਼ੈਲੀ ਦਾ ਵਰਨਣ ਕਰਦਿਆਂ ਬਚਨ ਕੀਤਾ ਹੈ ‘ਗੁਰਮੁਖ ਸੁਖ ਪਲ ਸਹਜਿ ਘਰ, ਵਰਤਮਾਨ ਅੰਦਰ ਵਰਤੌਂਦਾ।’ ਜੋ ਮਾਨਵੀ ਸਮਾਜ ਵਰਤਮਾਨ ਵਿਚ ਵਰਤਣਾ ਸਿੱਖ ਲਵੇ ਤਾਂ ਜੋਤਸ਼ੀਆਂ ਦੀਆਂ ਦੁਕਾਨਾਂ ਸਦਾ ਲਈ ਬੰਦ ਹੋ ਸਕਦੀਆਂ ਹਨ। ਸੰਗਲਾਦੀਪ (ਲੰਕਾ) ਦੇ ਰਾਜਾ ਸ਼ਿਵਨਾਭ ਨੇ ਜਦੋਂ ਗੁਰੂ ਨਾਨਕ ਸਾਹਿਬ ਨੂੰ ਅਦਬ ਸਹਿਤ ਪੁਛਿਆ ਕਿ ਮੇਰਾ ਅੱਗ ਆਉਣ ਵਾਲਾ ਸਮਾਂ ਕੈਸਾ ਹੋਵੇਗਾ? ਹਜ਼ੂਰ ਮੁਸਕ੍ਰਾਏ ਤੇ ਬੋਲੇ, ਭਾਈ! ਮੈਨੂੰ ਤਾਂ ਅਪਣੇ ਭਵਿੱਖ ਬਾਰੇ ਕੋਈ ਪਤਾ ਨਹੀਂ ਕਿ ਅੱਗੇ ਕੀ ਹੋਏਗਾ? ਇਸ ਲਈ ਮੈਂ ਤੇਰੇ ਬਾਰੇ ਕੀ ਕਹਿ ਸਕਦਾ ਹਾਂ? ਰੱਬੀ ਹੁਕਮ ਨੂੰ ਮਿਟਾਉਣ ਵਾਲਾ ਅਜੇ ਤਕ ਕੋਈ ਨਹੀਂ ਜੰਮਿਆ। ਬਸ, ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਸਿੱਖ, ਇਸ ਵਿਚ ਹੀ ਭਲਾ ਹੈ। ਗੁਰਵਾਕ ਹੈ: ਕਿਰਤੁ ਪਇਆ, ਨਹ ਮੇਟੈ ਕੋਇ॥ ਕਿਆ ਜਾਣਾ ਕਿਆ ਆਗੈ ਹੋਇ॥ ਜੋ ਤਿਸੁ ਭਾਣਾ, ਸੋਈ ਹੂਆ॥ ਅਵਰੁ ਨ ਕਰਣੈ ਵਾਲਾ ਦੂਆ॥ ਗੁਰੂ ਗ੍ਰੰਥ ਸਾਹਿਬ-ਪੰ. 154

◆◆ ◆◆

## ਟਰੰਪ ਨੇ ਕੀਤਾ ਐਲਾਨ ਐੱਚ-1ਬੀ ਵੀਜ਼ਾ ਨਹੀਂ ਹੋਵੇਗਾ ਬੰਦ




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਐੱਚ-1ਬੀ ਵੀਜ਼ਾ ’ਤੇ ਭਾਰਤੀਆਂ ਲਈ ਵੱਡੀ ਰਾਹਤ ਦਾ ਐਲਾਨ ਕੀਤਾ। ਐਨਵਾਈਟੀ ਅਨੁਸਾਰ, ਟਰੰਪ ਨੇ ਕਿਹਾ ਕਿ ਇਨ੍ਹਾਂ ਵੀਜ਼ਿਆਂ ਨੂੰ ਬੰਦ ਨਹੀਂ ਕੀਤਾ ਜਾਵੇਗਾ। ਅਮਰੀਕਾ ਨੂੰ ਪ੍ਰਤਿਭਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਿਰਫ਼ ਇੰਜੀਨੀਅਰਾਂ ਦੀ ਹੀ ਲੋੜ ਨਹੀਂ ਹੈ, ਸਗੋਂ ਹੋਰ ਨੌਕਰੀਆਂ ਲਈ ਵੀ ਵਧੀਆ ਪੇਸ਼ੇਵਰਾਂ ਨੂੰ ਆਉਣਾ ਚਾਹੀਦਾ ਹੈ। ਉਹ ਅਮਰੀਕੀਆਂ ਨੂੰ ਵੀ ਸਿਖਲਾਈ ਦੇਣਗੇ। ਜਦੋਂ ਐੱਚ-1ਬੀ ’ਤੇ ਚੱਲ ਰਹੀ ਬਹਿਸ ਬਾਰੇ ਪੁੱਛਿਆ ਗਿਆ ਤਾਂ ਟਰੰਪ ਨੇ ਕਿਹਾ ਕਿ ਮੈਂ ਪੱਖ ਅਤੇ ਵਿਰੋਧ ਦੀਆਂ ਦਲੀਲਾਂ ਨਾਲ ਸਹਿਮਤ ਹਾਂ। ਅਮਰੀਕਾ ਨੂੰ ਇਸ ਸਮੇਂ ਜਿਸ ਪ੍ਰਤਿਭਾ ਦੀ ਲੋੜ ਹੈ, ਉਹ ਇਸ ਵੀਜ਼ਾ ਪ੍ਰੋਗਰਾਮ ਰਾਹੀਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅਮਰੀਕਾ ਵਿੱਚ ਇਹ ਉੱਚ ਹੁਨਰਮੰਦ ਵੀਜ਼ਾ ਪ੍ਰਾਪਤ ਕਰਨ ਵਿੱਚ ਭਾਰਤੀ ਪਹਿਲੇ ਨੰਬਰ ’ਤੇ ਹਨ। 2024 ਵਿੱਚ ਜਾਰੀ ਕੀਤੇ ਗਏ ਕੁੱਲ 2 ਲੱਖ 80 ਹਜ਼ਾਰ ਐੱਚ-1ਬੀ ਵੀਜ਼ਾ ਵਿੱਚੋਂ, ਲਗਭਗ 2 ਲੱਖ ਵੀਜ਼ੇ ਭਾਰਤੀਆਂ ਨੂੰ ਦਿੱਤੇ ਗਏ ਸਨ। ਇਸ ਦੇ ਨਾਲ ਹੀ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਟਰੰਪ ਅਗਲੇ ਮਹੀਨੇ ਵਾਸ਼ਿੰਗਟਨ ਵਿੱਚ ਮੁਲਾਕਾਤ ਕਰ ਸਕਦੇ ਹਨ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. What is calligraphy?**

a. The art of beautiful handwriting
b. A type of painting
c. A printing technique
d. A form of sculpture

**2. Which script is used for writing the Punjabi language?**

a. Devanagari  b. Gurmukhi
c. Roman  d. Arabic

**3. What is the most important factor in calligraphy?**

a. Speed  b. Pressure and strokes
c. Color choice  d. Paper type

**4. What should beginners practice to improve their calligraphy?**

a. Writing sentences  b. Basic strokes and letters
c. Sketching designs  d. Speed writing

(ਦੇਖੋ ਉੱਤਰ ਪੰਨਾ 4 ’ਤੇ)

# *Wisdom Enthroned*-2



## Embracing Guru Granth Sahib

by Inni Kaur

Within the Guru Granth Sahib lies the culmination of a spiritual and political journey, the crescendo of Guru Gobind Singh Sahib's vision. He envisioned the scripture as an eternal Guru, an endless wellspring of insight. This transformation from a mere "book of wisdom" to "Wisdom Enthroned" evokes nature's cyclical rhythms, an eternal cycle of renewal and rebirth.

Approaching the Guru Granth Sahib, a sacred reverence envelops me, akin to leaves gently bowing before the breeze. A canopy adorns the scripture's presence, evoking the shade of ancient trees under which sages once meditated. The Guru Granth Sahib's resting place mirrors nature's grandeur—a raised platform reminiscent of Earth's mountains cradling the heavens above.

In this sanctuary, I unfold the script of my heart, where supplication and contemplation intertwine. Gazing upon its pages, I venture into an inner wilderness, where words become rivers guiding me to the source of my being. This hushed dialogue mirrors nature's whispers, a conversation of the being with spirit.

Amid these sacred pages, I encounter not a rulebook but a garden of wisdom, blossoming with the fragrance of experiences shared between the contributors and the Divine. It mirrors the harmony nature weaves through its cycles, the interconnectedness of life reflected in the rhythmic flow of its myriad forms. Amidst this contemplative journey, the Guru Granth Sahib beckons me to a central truth—the indivisible oneness, the symphony of unity harmonizing the world's discordant notes. Just as nature's rhythms transcend human-made boundaries, Sikhi's teaching of "1Ness" invites me to embrace our shared humanity, transcending divisions and biases.

In a world yearning for serenity, the Guru Granth Sahib emerges as a luminous constellation, guiding me toward a deeper understanding of myself and the universe. It's an invitation to walk barefoot on the soil of my spirit, to listen to the heartbeat of the cosmos, and to embrace the wisdom that flows like an eternal river through the words of the Guru.

⌘⌘⌘⌘⌘

# ਕੈਨੇਡਾ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਵਿਭਾਗ ਵਿਚੋਂ 3,300 ਨੌਕਰੀਆਂ ਖ਼ਤਮ ਕਰਨ ਦਾ ਫੈਸਲਾ

ਕੈਨੇਡਾ ਸਰਕਾਰ ਨੇ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ (ਆਈ.ਆਰ.ਸੀ.ਸੀ.) ਵਿਚੋਂ 3,300 ਨੌਕਰੀਆਂ ਖਤਮ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਇੰਮੀਗ੍ਰੇਸ਼ਨ ਦੇ ਪੱਧਰ ਵਿਚ ਆ ਰਹੀ ਘਾਟ ਅਤੇ ਫੰਡਾਂ ਦੀ ਘਾਟ ਦੇ ਮੱਦੇਨਜ਼ਰ ਲਿਆ ਗਿਆ ਹੈ। ਇਸ ਦੇ ਨਾਲ, ਸਰਕਾਰ ਨੇ ਕਿਹਾ ਹੈ ਕਿ ਇਹ ਘਾਟ ਆਰਜ਼ੀ ਕਾਮਿਆਂ ਰਾਹੀਂ ਪੂਰੀ ਕੀਤੀ ਜਾਵੇਗੀ। ਨਵੰਬਰ 2024 ਤੱਕ ਆਈ.ਆਰ.ਸੀ.ਸੀ. ਕੋਲ 22 ਲੱਖ 67 ਹਜ਼ਾਰ ਤੋਂ ਵੱਧ ਅਰਜ਼ੀਆਂ ਵਿਚਾਰਧੀਨ ਸਨ। ਇਹਨਾਂ ਵਿਚੋਂ 12 ਲੱਖ 61 ਹਜ਼ਾਰ ਅਰਜ਼ੀਆਂ ਤੈਅ ਸਮਾਂ ਹੱਦ ਦੇ ਅੰਦਰ ਨਿਪਟਾਉਣ ਦੀ ਉਮੀਦ ਹੈ, ਪਰ 10 ਲੱਖ ਤੋਂ ਵੱਧ ਅਰਜ਼ੀਆਂ ਬੈਕਲਾਗ ਵਿਚ ਗਿਣੀਆਂ ਜਾ ਰਹੀਆਂ ਹਨ। 2024 ਵਿੱਚ, 7 ਲੱਖ 87 ਹਜ਼ਾਰ ਸਟੱਡੀ ਵੀਜ਼ਾ ਅਤੇ 11 ਲੱਖ 77 ਹਜ਼ਾਰ ਵਰਕ ਪਰਮਿਟ ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ। ਹਾਲਾਂਕਿ, ਬੈਕਲਾਗ ਦੇ ਨਾਲ ਨਜਿੱਠਣਾ ਪਹਿਲਾਂ ਹੀ ਚੁਣੌਤੀਪੂਰਨ ਸੀ, ਅਤੇ ਹੁਣ ਨੌਕਰੀਆਂ ਖਤਮ ਕਰਨ ਨਾਲ ਹਾਲਾਤ ਹੋਰ ਵੀ ਗੰਭੀਰ ਹੋ ਸਕਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਇੰਮੀਗ੍ਰੇਸ਼ਨ ਦੇ ਟੀਚਿਆਂ ਵਿਚ ਕਮੀ ਕਰਨ ਅਤੇ ਘੱਟ ਫੰਡਾਂ ਦੀ ਲੋੜ ਦੇ ਕਾਰਨ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦੀ ਜ਼ਰੂਰਤ ਪਈ। ਅਕਤੂਬਰ 2024 ਵਿੱਚ ਐਲਾਨੀ ਤਿੰਨ ਸਾਲਾ ਯੋਜਨਾ ਮੁਤਾਬਕ, ਆਉਂਦੇ ਤਿੰਨ ਸਾਲਾਂ ਦੌਰਾਨ ਇੰਮੀਗ੍ਰੇਸ਼ਨ ਟੀਚਿਆਂ ਵਿਚ ਕਮੀ ਕੀਤੀ ਜਾਵੇਗੀ, ਜਿਸ ਨਾਲ ਮੁਲਾਜ਼ਮਾਂ ਦੀ ਘੱਟ ਜ਼ਰੂਰਤ ਹੋਵੇਗੀ।

ਆਈ.ਆਰ.ਸੀ.ਸੀ. ਵੱਲੋਂ ਜਾਰੀ ਬਿਆਨ ਮੁਤਾਬਕ, 80 ਫੀਸਦੀ ਕੰਮਕਾਜ ਨੂੰ ਮੌਜੂਦਾ ਸਟਾਫ਼ ਅਤੇ ਆਰਜ਼ੀ ਕਾਮਿਆਂ ਦੀ ਮਦਦ ਨਾਲ ਪੂਰਾ ਕੀਤਾ ਜਾਵੇਗਾ, ਜਦਕਿ 20 ਫੀਸਦੀ ਕੰਮਕਾਜ ਵਿੱਚ ਕਾਮਿਆਂ ਦੀ ਐਡਜਸਟਮੈਂਟ ਕੀਤੀ ਜਾਵੇਗੀ। ਮੁਲਾਜ਼ਮ ਯੂਨੀਅਨਾਂ ਨੇ ਇਸ ਫੈਸਲੇ ਦੀ ਤਿੱਖੀ ਆਲੋਚਨਾ ਕੀਤੀ ਹੈ। ਪਬਲਿਕ ਸਰਵਿਸ ਅਲਾਇੰਸ ਆਫ਼ ਕੈਨੇਡਾ ਅਤੇ ਕੈਨੇਡਾ ਇੰਪਲੌਇਮੈਂਟ ਐਂਡ ਇੰਮੀਗ੍ਰੇਸ਼ਨ ਯੂਨੀਅਨ ਨੇ ਕਿਹਾ ਕਿ ਇਹ ਛਾਂਟੀ ਸਪੱਸ਼ਟ ਦਿਸ਼ਾ-ਨਿਰਦੇਸ਼ਾਂ ਤੋਂ ਬਿਨਾਂ ਕੀਤੀ ਜਾ ਰਹੀ ਹੈ।


## SIKH MATRIMONIALS

Gursikh girl 25/5'6"/Diploma in hospitality tourism from Royal Roads University, Canada/ Working as a Supervisor in Victoria, BC./ Onnwork permit/ +919013899506

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319.

Gursikh boy29/5'10"/BTech/Working in Canada as Project Manager in MNC/Father retired from Air India/ Contact +1 905 782 3495


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. B 3. B 4. B


Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)




email: canadasikhtimes@gmail.com, M: +1 437 673 7555